PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ:ਦਫ਼ਤਰ:ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)
ਕਾਰਪੋਰੇਟ ਆਈ.ਡੀ.ਨੰ:**U40109PB2010SGC033814**
ਦਫ਼ਤਰ: ਨਿਗਰਾਨ ਇੰਜੀਨੀਅਰ/ਐਚ.ਆਰ ਤੇ ਪ੍ਰਬੰਧਕੀ,(ਅਮਲਾ ਭਾਗ),
ਸ਼ਕਤੀ ਸਦਨ ਪਟਿਆਲਾ, ਵੈਬ ਸਾਈਟ: dysecy-estb@pstcl.org

ਵੱਲ

*ਅਤਿ ਜ਼ਰੂਰੀ*

1. ਮੁੱਖ ਇੰਜ:/ਟੀ.ਐਸ., ਪੀ.ਐਸ.ਟੀ.ਸੀ.ਐਲ.,ਪਟਿਆਲਾ।
2. ਮੁੱਖ ਇੰਜ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ.,ਪਟਿਆਲਾ।
3. ਮੁੱਖ ਇੰਜ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ.,ਲੁਧਿਆਣਾ।
4. ਮੁੱਖ ਵਿੱਤੀ ਅਫ਼ਸਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
5. ਮੁੱਖ ਲੇਖਾ ਅਫਸਰ (ਲੇਖਾ ਅਤੇ ਪੜਤਾਲ), ਪੀ.ਐਸ.ਟੀ.ਸੀ.ਐਲ.,ਪਟਿਆਲਾ।
6. ਉਪ ਮੁੱਖ ਇੰਜ:/ਆਈ. ਟੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
7. ਉਪ ਮੁੱਖ ਇੰਜ:/ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
8. ਨਿਗਰਾਨ ਇੰਜ/ਸਟੋਰ ਤੇ ਡਿਸਪੋਜ਼ਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
9. ਕੰਪਨੀ ਸਕੱਤਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
10 ਉਪ ਸਕੱਤਰ/ਲੀਗਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
11 ਉਪ ਸਕੱਤਰ/ਜਨਰਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
12 ਵਧੀਕ ਨਿਗਰਾਨ ਇੰਜ:/ਪ੍ਰਸੋਨਲ, ਪੀ.ਐਸ.ਟੀ.ਸੀ.ਐਲ.,ਪਟਿਆਲਾ।
13 ਸੀ:ਕਾ:ਕਾ:ਇੰਜ:/ਟ੍ਰੇਨਿੰਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।
14 ਸੀ:ਕਾ:ਕਾ:ਇੰਜ:/ਐਡਮਿਨ, ਪੀ.ਐਸ.ਟੀ.ਸੀ.ਐਲ.,ਪਟਿਆਲਾ।
15 ਅਧੀਨ ਸਕੱਤਰ/ਭਰਤੀ ਭਾਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।

ਮੀਮੋ ਨੰ: 3664/78 ਮਿਤੀ: 18/3/19

**ਵਿਸ਼ਾ:** **ਸਾਲ 2018-19 ਦੀਆਂ ਚੱਲ/ਅਚੱਲ ਸੰਪਤੀ ਸਾਰਣੀਆਂ ਭੇਜਣ ਸਬੰਧੀ।**

ਵਿਸ਼ੇ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ (ਗਰੁੱਪ-ਬੀ) ਅਤੇ ਅਧਿਕਾਰੀਆਂ (ਗਰੁੱਪ-ਏ) ਵਲੋ ਸਾਲ 2018-19 ਦੀ ਚੱਲ/ਅਚੱਲ ਸੰਪਤੀ ਸਾਰਣੀ ਹੇਠ ਅਨੁਸਾਰ ਭਰਕੇ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

1 ਜਿਹੜੇ ਅਧਿਕਾਰੀ ਸਾਲ 2018-19 ਵਿਚ ਗਜਟਿਡ ਅਹੁਦੇ ਤੇ ਤੈਨਾਤ ਹੋਏ ਹਨ, ਉਹਨਾਂ ਵਲੋ ਪੀ.ਐਸ.ਟੀ.ਸੀ.ਐਲ ਵਲੋ ਜਾਰੀ ਹਦਾਇਤਾਂ ਅਨੁਸਾਰ ਚੱਲ ਅਤੇ ਅਚੱਲ ਦੋਵੇਂ ਹੀ ਸੰਪਤੀ ਸਾਰਣੀਆਂ ਭੇਜਣੀਆਂ ਲਾਜਮੀ ਹਨ।

2 ਗਰੁੱਪ-ਏ ਅਧਿਕਾਰੀਆਂ ਵਲੋਂ ਸਿਰਫ਼ ਅਚੱਲ ਸੰਪਤੀ ਸਾਰਣੀ (ਫਾਰਮ-ਏ) ਹੀ ਭਰੀ ਜਾਵੇਗੀ।

3 ਗਰੁੱਪ-ਬੀ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋ ਚੱਲ ਅਤੇ ਅਚੱਲ ਦੋਵੇਂ ਹੀ ਸੰਪਤੀ ਸਾਰਣੀਆਂ ਭੇਜਣੀਆਂ ਲਾਜਮੀ ਹਨ।

ਉਪਰੋਕਤ ਅਨੁਸਾਰ ਸੰਪਤੀ ਸਾਰਣੀ ਭਰ ਕੇ ਮੂਲ ਰੂਪ ਵਿਚ ਨਿਗਰਾਨ ਇੰਜ:/ਐਚ.ਆਰ ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਏ, ਉਸਦੀ ਫੋਟੋ ਕਾਪੀ ਗੁਪਤ ਯੋਗਤਾ ਰਿਪੋਰਟ ਦੇ ਪ੍ਰਫਾਰਮੇ ਨਾਲ ਨੱਥੀ ਕੀਤੀ ਜਾਵੇ।

ਰਿਪੋਰਟਿੰਗ ਅਧਿਕਾਰੀ ਵਲੋ ਵੀ ਅਧਿਕਾਰੀ ਦੀ ਗੁਪਤ ਯੋਗਤਾ ਰਿਪੋਰਟ ਨਾਲ ਸੰਪਤੀ ਸਾਰਣੀ ਦੀ ਕਾਪੀ ਨੱਥੀ ਕਰਨੀ ਯਕੀਨੀ ਬਣਾਇਆ ਜਾਵੇ। ਪੜਤਾਲੀਆ ਅਧਿਕਾਰੀ ਵਲੋ ਗੁਪਤ ਯੋਗਤਾ ਰਿਪੋਰਟ ਤਾਂ ਹੀ ਸਵੀਕਾਰ ਕੀਤੀ ਜਾਵੇ ਜੇਕਰ ਉਸ ਨਾਲ ਸੰਪਤੀ ਸਾਰਣੀ ਦੀ ਕਾਪੀ ਨੱਥੀ ਕੀਤੀ ਗਈ ਹੋਵੇ। ਇਸ ਤੋ ਇਲਾਵਾ ਵਿਭਾਗਾਂ ਦੇ ਮੁੱਖੀਆਂ ਦੁਆਰਾ ਗੁਪਤ ਯੋਗਤਾ ਰਿਪੋਰਟਾਂ ਅਤੇ ਸੰਪਤੀ ਸਾਰਣੀਆਂ ਸਬੰਧੀ Consolidate Completion Certificate ਭੇਜਣਾ ਵੀ ਸੁਨਿਸਚਿਤ ਕੀਤਾ ਜਾਵੇ। ਜੇਕਰ ਸੰਪਤੀ ਸਾਰਣੀ ਦੀ ਕਾਪੀ ਗੁਪਤ ਯੋਗਤਾ ਰਿਪੋਰਟ ਦੇ ਨਾਲ ਨੱਥੀ ਹੋਵੇਗੀ ਤਾਂ ਹੀ ਅਧਿਕਾਰੀ ਦੀ ਗੁਪਤ ਯੋਗਤਾ ਰਿਪੋਰਟ ਨੂੰ ਦਫ਼ਤਰ ਵਲੋ ਸਵੀਕਾਰ ਕੀਤਾ ਜਾਵੇਗਾ।

*ਚਲਦਾ ਪੰਨਾ-2.....*

Scanned by CamScanner

ਇਸ ਤੋ ਇਲਾਵਾ ਜਿਆਦਾਤਰ ਅਧਿਕਾਰੀਆਂ/ਕਰਚਾਰੀਆਂ ਵਲੋ ਆਪਣੀ ਸੰਪਤੀ ਸਾਰਣੀ ਭੇਜਣ ਸਮੇਂ ਇਹ ਲਿਖਿਆ ਜਾਂਦਾ ਹੈ ਕਿ:

*ਪਿਛਲੇ ਸਾਲ ਅਨੁਸਾਰ ਹੀ ਸਮਝੀ ਜਾਵੇ। ਜਾਂ*
*ਪਿਛਲੀ ਸਾਰਣੀ ਵਿਚ ਕੋਈ ਤਬਦੀਲੀ ਨਹੀ ਹੈ। ਜਾਂ*
*ਪਿਛਲੇ ਸਾਲ ਦੀ ਸੰਪਤੀ ਸਾਰਣੀ ਵਿਚ ਕੋਈ ਵਾਧਾ ਘਾਟਾ ਨਹੀ ਹੈ। ਜਾਂ*
*ਅਧਿਕਾਰੀ ਵਲੋ ਸੰਪਤੀ ਸਾਰਣੀ ਦਾ ਪ੍ਰਫਾਰਮਾ ਭਰਨ ਦੀ ਬਜਾਏ ਪੱਤਰ ਰਾਹੀ ਸੂਚਿਤ ਕੀਤਾ ਜਾਂਦਾ ਹੈ।*

ਅਧਿਕਾਰੀਆਂ/ਕਰਮਚਾਰੀਆਂ ਦੀਆਂ ਸੰਪਤੀ ਸਾਰਣੀਆਂ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਵਾਉਣ ਸਮੇਂ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਲਈ ਅਧਿਕਾਰੀਆਂ/ਕਰਮਚਾਰੀਆਂ ਵਲੋ ਆਪਣੀ ਸੰਪਤੀ ਸਾਰਣੀ ਪੂਰੇ ਵੇਰਵਿਆਂ ਨਾਲ ਨਿਰਧਾਰਿਤ ਪ੍ਰਫਾਰਮੇ ਤੇ ਭਰੀ ਜਾਵੇ ਤਾਂ ਜ਼ੋ ਇਸ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਵਾਇਆ ਜਾ ਸਕੇ।

ਇਸ ਤੋ ਇਲਾਵਾ ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਜਿਆਦਾਤਰ ਅਧਿਕਾਰੀ ਪ੍ਰਫਾਰਮੇ ਦੇ ਸੇਵਾ ਵੇਰਵਿਆਂ ਸਬੰਧੀ ਪੂਰੇ ਕਾਲਮ ਨਹੀ ਭਰਦੇ। ਇਸ ਲਈ ਅੱਗੇ ਤੋ ਆਪਣਾ ਨਾਮ, ਪਿਤਾ ਦਾ ਨਾਂ, ਜਨਮ ਮਿਤੀ, ਕੋਡ ਨੰ:, ਬੋਰਡ/ਕਾਰਪੋਰੇਸ਼ਨ ਵਿਚ ਹਾਜਰ ਹੋਣ ਦੀ ਮਿਤੀ, ਗਜਟਿਡ ਅਹੁਦੇ ਤੇ ਹਾਜਰ ਹੋਣ ਦੀ ਮਿਤੀ, ਮੋਬਾਇਲ ਨੰ: ਅਤੇ ਦਫ਼ਤਰ ਦਾ ਪਤਾ ਸਪਸ਼ਟ ਰੂਪ ਵਿਚ ਭਰਿਆ ਜਾਵੇ ਜੀ ਤਾਂ ਜ਼ੋ ਸੰਪਤੀ ਸਾਰਨੀ ਸਬੰਧੀ ਪੱਤਰ ਵਿਵਹਾਰ ਕਰਨ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ ਜੀ।

ਕਈ ਵਾਰੀ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਅਧਿਕਾਰੀ ਦੁਆਰਾ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰ:ਰਾ:ਪਾ:ਕਾ:ਲਿ:) ਵਲੋ ਨਿਰਧਾਰਿਤ ਪ੍ਰਫਾਰਮੇ ਦੀ ਬਜਾਏ, ਉਸ ਵਲੋ ਆਪਣੇ ਅਨੁਸਾਰ ਹੀ ਕਾਲਮ ਬਣਾ ਕੇ ਸੰਪਤੀ ਸਾਰਣੀ ਭੇਜੀ ਜਾਂਦੀ ਹੈ। ਇਸ ਲਈ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰ:ਰਾ:ਟਾ:ਕਾ:ਲਿ:) ਦੁਆਰਾ ਨਿਰਧਾਰਿਤ ਪ੍ਰਫਾਰਮੇ ਜ਼ੋ ਕਿ ਪੰ:ਰਾ:ਟਾ:ਕਾ:ਲਿ: ਦੀ ਵੈਬਸਾਈਟ ਤੇ ਉਪਲਬੱਧ ਹੈ, ਅਨੁਸਾਰ ਹੀ ਸੰਪਤੀ ਸਾਰਣੀ ਬਣਾ ਕੇ ਇਸ ਦਫ਼ਤਰ ਨੂੰ ਭੇਜੀ ਜਾਵੇ।

ਸਾਲ 2018-19 ਦੀਆਂ ਸੰਪਤੀ ਸਾਰਣੀ ਭੇਜਣ ਸਮੇਂ ਮੁੱਖ ਇੰਜ;/ਐਚ.ਆਰ ਅਤੇ ਡੀ, ਪੰ:ਰਾ:ਪਾ:ਕਾ:ਲਿ: ਦੇ ਮੀਮੋ ਨੰ: 798/1459 ਮਿਤੀ 16.01.18 ਨਾਲ ਜਾਰੀ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਮਿਤੀ 30.04.2019 ਤੱਕ ਹਰ ਹਾਲਤ ਵਿਚ ਇਸ ਦਫ਼ਤਰ ਨੂੰ ਭੇਜੀਆਂ ਜਾਣ ਜੀ।

**ਉਪਰੋਕਤ ਜਾਰੀ ਹਦਾਇਤਾਂ ਸਬੰਧੀ ਆਪਜੀ ਅਧੀਨ ਕੰਮ ਕਰਦੇ ਸਮੂਹ ਗਜ਼ਟਿਡ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਜੀ।**

ਨੱਥੀ/ਪ੍ਰਫਾਰਮਾ

ਨਿਗਰਾਨ ਇੰਜ:/ਐਚ.ਆਰ ਅਤੇ ਪ੍ਰਬੰਧਕੀ
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਪਿੱਠ ਅੰਕਣ ਨੰ: 3679/80 ਮਿਤੀ: 18/3/19

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਬੀ.ਬੀ.ਐਮ.ਬੀ, ਮੱਧਿਆ ਮਾਰਗ, ਸੈਕਟਰ-19, ਚੰਡੀਗੜ੍ਹ।
2. ਸੀਨੀ.ਕਾ.ਕਾ.ਇੰਜ:/ਆਈ. ਟੀ, ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਪੱਤਰ ਸਮੇਤ ਪ੍ਰਫਾਰਮਾ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਨਿਗਰਾਨ ਇੰਜ:/ਐਚ.ਆਰ ਅਤੇ ਪ੍ਰਬੰਧਕੀ
ਪੀ.ਐਸ.ਟੀ.ਸੀ.ਐਲ.,ਪਟਿਆਲਾ।

Scanned by CamScanner

## ਫਾਰਮ–ਏ: ਅਚੱਲ ਸੰਪਤੀ ਸਾਰਨੀ ਬਾਬਤ ਸਾਲ.. ........

## (ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ)

ਅਧਿਕਾਰੀ/ਕਰਮਚਾਰੀ ਦਾ ਨਾਮ/ਅਹੁਦਾ......... .............................. ਆਈ.ਡੀ ਨੰ:............ ਕਾਰਪੋਰੇਸ਼ਨ ਵਿਚ ਹਾਜਰ ਹੋਣ ਦੀ ਮਿਤੀ...............

ਪਿਤਾ ਦਾ ਨਾਂ.......................... . ........... ਜਨਮ ਮਿਤੀ.......................ਮੋਬਾਇਲ ਨੰਬਬ.................. ...

ਤਨਖਾਹ/ਸਕੇਲ..................ਗਜਟਿਡ ਅਹੁਦੇ ਤੇ ਹਾਜਰ ਹੋਣ ਦੀ ਮਿਤੀ..........................

ਦਫ਼ਤਰ ਦਾ ਪਤਾ.................................................. ............ਸਬੰਧਤ ਜਿਲ੍ਹਾ / ਹੋਮ ਡਿਸਟ੍ਰਿਕਟ ...................................

| ਕ੍ਰਮ ਨੰ: | ਜਾਇਦਾਦ ਦਾ ਸਥਾਨ (ਪਿੰਡ, ਤਹਿਸੀਲ, ਜਿਲ੍ਹਾ ਆਦਿ) | ਜਾਇਦਾਦ ਦਾ ਵੇਰਵਾ ਅਤੇ ਰਕਬਾ | | ਜਾਇਦਾਦ ਕਿਸਦੇ ਨਾਮ ਹੈ? ਕੀ ਆਪਣੇ ਜਾਂ ਪਰਿਵਾਰ ਦੇ ਕਿਸੇ ਹੋਰ ਜੀ ਦੇ ਨਾਮ ਹੈ | ਜਾਇਦਾਦ ਦੇ ਅਧਿਕਾਰੀ/ਮਾਲਕ ਹੋਣ ਦਾ ਸਾਧਨ ਅਤੇ ਸਥਾਨ | ਹੁਣ ਦੀ ਕੀਮਤ | ਜਾਇਦਾਦ ਤੋ ਸਾਲਾਨਾ ਆਮਦਨ | ਵਿਸ਼ੇਸ਼ ਕਥਨ (ਸਮਰਥ ਅਧਿਕਾਰੀ ਦੀ ਮੰਨਜ਼ੂਰੀ ਦੇ ਵੇਰਵੇ ਆਦਿ |
|---|---|---|---|---|---|---|---|---|
| | | | | | | | | |

ਨੋਟ: ਪਿਛਲੇ ਸਾਲ ਅਨੁਸਾਰ ਸਮਝਿਆ ਜਾਵੇ ਜਾਂ ਪਿਛਲੀ ਸਾਰਣੀ ਵਿਚ ਕੋਈ ਤਬਦੀਲੀ ਨਹੀ ਹੈ, ਲਿਖਣ ਦੀ ਬਜਾਏ ਹਰ ਸਾਲ ਚੱਲ/ਅਚੱਲ ਸਪਤੀ ਸਾਰਣੀ ਪੂਰੇ ਵੇਰਵਿਆਂ ਸਹਿਤ ਭਰੀ ਜਾਵੇ ਜੀ।

(ਅਧਿਕਾਰੀ/ਕਰਮਚਾਰੀ ਦੇ ਹਸਤਾਖਰ)

ਅਧਿਕਾਰੀ/ਕਰਮਚਾਰੀ ਦਾ ਨਾਂ –
ਮੋਬਾਇਲ ਨੰਬਰ –
ਦਫ਼ਤਰ ਦਾ ਮੁਕੰਮਲ ਪਤਾ –

Scanned by CamScanner

## ਫਾਰਮ–ਬੀ: ਚੱਲ ਸੰਪਤੀ ਸਾਰਨੀ ਬਾਬਤ ਸਾਲ ..... .....

### (ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ)

ਅਧਿਕਾਰੀ/ਕਰਮਚਾਰੀ ਦਾ ਨਾਮ/ਅਹੁਦਾ ਅਤੇ ਕੋਡ ਨੰਬਰ........ ........................................

ਪਿਤਾ ਦਾ ਨਾਂ............................. . ........... ਜਨਮ ਮਿਤੀ........................

| ਕ੍ਰਮ ਨੰ: | ਚੀਜ਼ ਦਾ ਵੇਰਵਾ | ਚੀਜ਼ ਕਿਸਦੇ ਨਾਮ ਹੈ? ਕੀ ਆਪਣੇ ਜਾਂ ਪਰਿਵਾਰ ਦੇ ਕਿਸੇ ਹੋਰ ਜੀ ਦੇ ਨਾਮ ਹੈ | ਚੀਜ਼ ਦੇ ਜਿਸ ਤਰ੍ਹਾਂ ਮਾਲਕ ਬਣੇ ਅਤੇ ਮਿਤੀ | ਚੀਜ਼ ਪ੍ਰਾਪਤ ਕਰਨ ਅਤੇ ਖਚ ਕੀਤੀ ਰਕਮ ਦੇ ਸਾਧਨ | ਹੁਣ ਦੀ ਕੀਮਤ | ਜਾਇਦਾਦ ਤੋ ਸਾਲਾਨਾ ਆਮਦਨ | ਵਿਸ਼ੇਸ਼ ਕਥਨ (ਸਮਰਥ ਅਧਿਕਾਰੀ ਦੀ ਮੰਨਜ਼ੂਰੀ ਅਤੇ ਜਾਇਦਾਦ ਵੇਚਣ/ਖ੍ਰੀਦਣ ਸਬੰਧੀਦਸਤਾਵੇਜ਼ ਸਬੂਤ ਆਦਿ) |
|---|---|---|---|---|---|---|---|
| | | | | | | | |

ਨੋਟ: 1 ਨਕਦੀ,ਜੇਵਰ, ਸੋਨੇ ਦੀਆਂ ਡਲੀਆਂ, ਬੈਂਕ ਵਿਚ ਜਮ੍ਹਾਂ, ਕਰਜ, ਬੀਮਾ ਪਾਲਿਸੀ, ਸਿਕਿਓਰੀਟੀ ਅਤੇ ਡਿਬੈਂਚਰ ਆਦਿ।
2 ਕਾਰ, ਮੋਟਰਸਾਇਕਲ ਅਤੇ ਘੋੜੇ ਅਤੇ ਹਰ ਆਵਾਜਾਈ ਦਾ ਸਾਧਨ ਆਦਿ।
3 ਰੈਫਰੀਜਰੈਟਰ, ਏਅਰ ਕੰਡੀਸ਼ਨਰ, ਵੀ.ਸੀ.ਆਰ/ਵੀ.ਸੀ.ਪੀ, ਟੀਵੀ ਆਦਿ।
4 ਦੁੱਧ ਦੇਣ ਵਾਲੇ ਪਸ਼ੂ।

(ਅਧਿਕਾਰੀ/ਕਰਮਚਾਰੀ ਦੇ ਹਸਤਾਖਰ)

ਅਧਿਕਾਰੀ/ਕਰਮਚਾਰੀ ਦਾ ਨਾਂ –
ਮੋਬਾਇਲ ਨੰਬਰ –
ਦਫ਼ਤਰ ਦਾ ਮੁਕੰਮਲ ਪਤਾ –

Scanned by CamScanner